# ਦਫਤਰ ਜ਼ਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ।

## (ਕੋਵਿਡ-19 ਕੰਟਰੋਲ ਰੂਮ)

ਹੁਕਮ

ਕੋਵਿਡ-19 ਦੌਰਾਨ ਪੰਜਾਬ ਭਰ ਵਿਚ ਲੱਗੇ ਕਰਫਿਊ/ਲਾਕਡਾਊਨ ਦੇ ਕਾਰਨ ਜ਼ਿਲ੍ਹੇ ਵਿਚ ਫਸੇ ਪ੍ਰਵਾਸੀਆਂ ਨੂੰ ਉਹਨਾਂ ਦੇ ਮੂਲ ਰਾਜ ਵਿਚ ਵਾਪਿਸ ਭੇਜਣ ਹਿੱਤ ਉਹਨਾਂ ਦੀ ਰਜਿਸ਼ਟਰੇਸ਼ਨ, ਸਕਰੀਨਿੰਗ ਅਤੇ ਆਵਾਜਾਈ ਦੇ ਯੋਗ ਪ੍ਰਬੰਧ ਕਰਨ ਲਈ ਹੇਠ ਲਿਖੇ ਅਨੁਸਾਰ Migrant Movement Facilitation Committee (MMFC) ਗਠਿਤ ਕੀਤੀ ਜਾਂਦੀ ਹੈ:-

| S.no. | Name of Officer | Designation of Officer | Contact No. |
|---|---|---|---|
| 1 | Dr. Rajat Oberoi, PCS | Deputy Director, Local Government, Amritsar Region (Nodal Officer) | 9815398111 |
| 2 | Ms. Amandeep Kaur, PCS | AETC, Amritsar I (Member) | 9872910022 |
| 3 | S. Darbara Singh, PCS | Secretary, RTA, Amritsar (Member) | 9872963056 |
| 4 | Mr. Kirpal Singh, PPS | ADCP, PBI, OCCU & Narcotic (Member) | 9781130912 |
| 5 | Dr. Kirandeep Kaur | ACS, Amritsar (Member) | 9814501053 |
| 6 | Mr. Jaswinder Singh | Senior Town Planner, Amritsar (Member) | 9216610030 |
| 7 | Mr. Rajeev Sekhri | SE, Amritsar Improvement Trust (Member) | 9814500179 |
| 8 | Mr. Narinder Sharma | Municipal Town Planner, Amritsar (Member) | 9646989876 |
| 9 | Mr. Naresh Kumar Verma | ADRM, Northern Railways (Member) | 7087855000 |
| 10 | S. Birkaran Singh | Tehsildar (UT) (Member) | 6356000001 |

ਇਸ ਤੋਂ ਇਲਾਵਾ ਇਸ ਦਫਤਰ ਦੇ ਹੁਕਮ/ਪਿੱਠਅੰਕਣ ਨੰ: ਕੋਵਿਡ-19/965-977 ਮਿਤੀ 05.05.2020 ਅਨੁਸਾਰ ਪ੍ਰਵਾਸੀ ਮਜ਼ਦੂਰਾਂ ਲਈ ਗਠਿਤ ਕੀਤੀ ਗਈ ਜ਼ਿਲ੍ਹਾ ਪੱਧਰੀ ਕਮੇਟੀ, Migrant Movement Facilitation Committee (MMFC) ਨੂੰ ਜ਼ਿਲ੍ਹੇ ਵਿਚੋਂ ਆਪਣੇ ਰਾਜ ਵਿਚ ਵਾਪਿਸ ਜਾਣ ਦੇ ਇਛੁੱਕ ਪ੍ਰਵਾਸੀ ਮਜ਼ਦੂਰਾਂ ਦਾ ਡਾਟਾ ਮੁਹੱਈਆ ਕਰਾਉਣਾ ਅਤੇ ਜਮੀਨੀ ਪੱਧਰ ਤੇ ਸਹਿਯੋਗ ਦੇਣਾ ਯਕੀਨੀ ਬਣਾਏਗੀ।

Migrant Movement Facilitation Committee (MMFC) ਦਾ ਮੰਤਵ ਹੇਠ ਲਿਖੇ ਅਨੁਸਾਰ ਹੋਵੇਗਾ:

1) ਜ਼ਿਲ੍ਹੇ ਵਿੱਚ ਲੱਗਭਗ 24 ਥਾਵਾਂ ਸ਼ਨਾਖਤ ਕਰਨਾ ਜਿੱਥੇ ਪ੍ਰਵਾਸੀ ਵਿਅਕਤੀਆਂ ਦੀ Health Screening ਕੀਤੀ ਜਾ ਸਕੇ। ਧਿਆਨ ਰਹੇ ਕਿ ਇਹ ਥਾਵਾਂ ਸ਼ਹਿਰ ਵਿਚ ਘੱਟ ਅਬਾਦੀ ਵਾਲੇ ਇਲਾਕਿਆਂ ਵਿੱਚ ਹੋਣ, ਖਾਲੀ ਪਏ ਸ਼ੈਲਟਰ ਹੋਮਜ਼ ਨੂੰ ਇਸ ਲਈ ਵਰਤਿਆ ਜਾ ਸਕਦਾ ਹੈ। ਇਸ ਕੰਮ ਲਈ ਸੀਨੀਅਰ ਟਾਊਨ ਪਲਾਨਰ, ਅੰਮ੍ਰਿਤਸਰ, ਮਿਊਂਨਸਪਲ ਟਾਊਨ ਪਲਾਨਰ, ਅੰਮ੍ਰਿਤਸਰ ਅਤੇ ਨਿਗਰਾਨ ਇੰਜੀਨੀਅਰ, ਨਗਰ ਸੁਧਾਰ ਟਰੱਸਟ, ਅੰਮ੍ਰਿਤਸਰ ਜਿੰਮੇਵਾਰ ਹੋਣਗੇ।

2) ਹਰ ਕੇਂਦਰ ਤੇ ਇਕ ਮੈਡੀਕਲ ਟੀਮ, ਇਕ ਪੁਲਿਸ ਟੀਮ ਅਤੇ ਇਕ 50 ਸੀਟਰ ਬੱਸ ਮੁਹੱਈਆ ਕਰਵਾਈ ਜਾਵੇਗੀ। ਮੈਡੀਕਲ ਟੀਮ ਨਿਸ਼ਚਿਤ ਮਿਤੀ ਤੇ ਵੱਧ ਤੋਂ ਵੱਧ 50 ਪ੍ਰਵਾਸੀ ਵਿਅਕਤੀਆਂ ਦੀ ਸਕਰੀਨਿੰਗ ਕਰੇਗੀ।

3) ਸਕਰੀਨਿੰਗ ਤੋ ਉਪਰੰਤ ਉਸ ਟੀਮ ਵੱਲੋਂ ਹਰ ਵਿਅਕਤੀ ਨੂੰ ਸਰਟੀਫਿਕੇਟ ਦਿੱਤਾ ਜਾਵੇਗਾ ਅਤੇ ਨਾਲ ਹੀ ਹਰ ਵਿਅਕਤੀ ਨੂੰ ਟਿਕਟ ਵੀ ਮੁਹੱਈਆ ਕਰਵਾਈ ਜਾਵੇਗੀ। ਇਸ ਕੰਮ ਲਈ ਜ਼ਿਲ੍ਹਾ ਪੱਧਰ ਕਮੇਟੀ ਮੈਡੀਕਲ ਟੀਮ ਨੂੰ ਸਹਿਯੋਗ ਦੇਵੇਗੀ।

4) ਸਕਰੀਨਿੰਗ ਉਪਰੰਤ ਇਹਨਾਂ ਵਿਅਕਤੀਆਂ ਨੂੰ ਬੱਸਾਂ ਵਿੱਚ ਬਿਠਾ ਕੇ ਰੇਲਵੇ ਸਟੇਸ਼ਨ ਲਿਆਇਆ ਜਾਵੇਗਾ। ਇਕ ਟਰੇਨ ਵਿਚ ਵੱਧ ਤੋਂ ਵੱਧ 1188 ਵਿਅਕਤੀਆਂ ਨੂੰ ਹੀ ਭੇਜਿਆ ਜਾ ਸਕਦਾ ਹੈ। ਰੇਲਵੇ ਸਟੇਸ਼ਨ ਤੇ ਏ.ਡੀ.ਆਰ.ਐਮ. ਵੱਲੋਂ ਇਹਨਾਂ ਵਿਅਕਤੀਆਂ ਨੂੰ ਇੱਕ-ਇੱਕ ਬੱਸ ਤੋਂ ਉਤਾਰ ਕੇ ਨਿਸ਼ਚਿਤ ਟਰੇਨ ਵੱਲ ਭੇਜਿਆ ਜਾਵੇਗਾ। ਬੱਸਾ ਦਾ ਇੰਤਜਾਮ ਸੈਕਟਰੀ, ਰੀਜ਼ਨਲ ਟਰਾਂਸਪੋਰਟ ਅਥਾਰਟੀ, ਅੰਮ੍ਰਿਤਸਰ ਵੱਲੋਂ ਕੀਤਾ ਜਾਵੇਗਾ ਅਤੇ ਸਟੇਸ਼ਨ ਤੇ ਤਹਿਸੀਲਦਾਰ, (ਸਿਖਲਾਈ ਅਧੀਨ), ਏ.ਡੀ.ਆਰ.ਐਮ. ਦੀ ਮਦਦ ਲਈ ਮੌਜੂਦ ਰਹਿਣਗੇ।

5) ਇਸ ਕਾਰਵਾਈ ਲਈ ਜੇਕਰ ਕੋਈ ਪਾਸ ਬਣਾਉਣ ਦੀ ਲੋੜ ਪੈਂਦੀ ਹੈ ਤਾਂ ਸਹਾਇਕ ਆਬਕਾਰੀ ਅਤੇ ਕਰ ਕਮਿਸ਼ਨਰ, ਅੰਮ੍ਰਿਤਸਰ-1 ਇਹ ਪਾਸ ਜਾਰੀ ਕਰਨਗੇ। ਇਸ ਤੋਂ ਇਲਾਵਾ ਜੇਕਰ ਕੋਈ ਵਿਅਕਤੀ ਆਪਣੇ ਸਾਧਨ ਦੁਆਰਾ

Scanned with CamScanner

ਸਫਰ ਕਰਨਾ ਚਾਹੁੰਦਾ ਹੈ ਤਾਂ ਉਸਦੇ ਪਾਸ ਵੀ ਸਹਾਇਕ ਆਬਕਾਰੀ ਅਤੇ ਕਰ ਕਮਿਸ਼ਨਰ, ਅੰਮ੍ਰਿਤਸਰ-1 ਵੱਲੋਂ ਜ਼ਾਰੀ ਕਰਕੇ ਸਾਰਾ ਰਿਕਾਰਡ ਆਪਣੇ ਕੋਲ maintain ਕੀਤਾ ਜਾਵੇਗਾ।

6) ਸਕੱਤਰ, ਰੀਜ਼ਨਲ ਟਰਾਂਸਪੋਰਟ ਅਥਾਰਟੀ, ਅੰਮ੍ਰਿਤਸਰ ਵੱਲੋਂ ਪ੍ਰਾਈਵੇਟ ਟਰਾਂਸਪੋਰਟਰਾਂ ਦੀ ਇਕ ਲੜੀ ਪ੍ਰਸ਼ਾਸ਼ਨ ਨੂੰ ਮੁਹੱਈਆ ਕਰਵਾਈ ਜਾਵੇਗੀ ਅਤੇ ਪ੍ਰਤੀ ਕਿਲੋਮੀਟਰ ਸਫਰੀ ਰੇਟ ਫਿਕਸ ਕੀਤੇ ਜਾਣਗੇ ਤਾਂ ਜੋ ਵਿਅਕਤੀ ਸੜਕ ਰਾਹੀਂ ਆਪਣੇ ਰਾਜਾਂ ਨੂੰ ਜਾਣਾ ਚਾਹੁੰਦੇ ਹਨ ਉਹ ਜਾ ਸਕਣ।

ਵਧੀਕ ਜਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

ਪਿੱਠਅੰਕਣ ਨੰਬਰ ਕੋਵਿਡ-19/ 995-1002 ਮਿਤੀ: 05.05.2020

ਇਸ ਦਾ ਇੱਕ ਉਤਾਰਾ:-

1. ਕਮਿਸ਼ਨਰ ਪੁਲਿਸ,ਅੰਮ੍ਰਿਤਸਰ ਸ਼ਹਿਰੀ,
2. ਕਮਿਸ਼ਨਰ, ਨਗਰ ਨਿਗਮ, ਅੰਮ੍ਰਿਤਸਰ,
3. ਸੀਨੀਅਰ ਕਪਤਾਨ ਪੁਲਿਸ, ਅੰਮ੍ਰਿਤਸਰ (ਦਿਹਾਤੀ),
4. ਸਮੂਹ ਉਪ ਮੰਡਲ ਮੈਜਿਸਟਰੇਟ, ਜ਼ਿਲ੍ਹਾ ਅੰਮ੍ਰਿਤਸਰ,
5. ਸਿਵਲ ਸਰਜਨ, ਅੰਮ੍ਰਿਤਸਰ,
6. ਪੀ.ਏ. ਟੂ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਦੀ ਸੂਚਨਾ ਹਿੱਤ।
7. ਸਹਾਇਕ ਕਿਰਤ ਕਮਿਸ਼ਨਰ ਕਮ ਨੋਡਲ ਅਫਸਰ ਜ਼ਿਲ੍ਹਾ ਪੱਧਰੀ ਪ੍ਰਵਾਸੀ ਮਜ਼ਦੂਰ ਕਮੇਟੀ, ਅੰਮ੍ਰਿਤਸਰ ਨੂੰ ਸੂਚਨਾ ਅਤੇ ਹੁਕਮਾਂ ਦੀ ਪਾਲਣਾ ਹਿੱਤ।
8. ਸਬੰਧਤ ਅਧਿਕਾਰੀਆਂ ਨੂੰ ਸੂਚਨਾ ਅਤੇ ਹੁਕਮਾਂ ਦੀ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਜਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

Scanned with CamScanner